# ਮਨ ਦੀਆਂ ਮਨ ਵਿਚ ਇਕਾਂਗੀ ਦਾ ਵਿਸ਼ਾ ਵਸਤੂ

ਪ੍ਰਸਤੁਤ ਕਰਤਾ : ਡਾ. ਜਸਪਾਲ ਸਿੰਘ
ਕਲਾਸ : ਬੀ. ਏ.ਪਹਿਲਾ ਸਾਲ (ਇਲੈਕਟਿਵ)

- ਮਨ ਦੀਆਂ ਮਨ ਵਿਚ ਇਕਾਂਗੀ ਡਾ.ਹਰਚਰਨ ਸਿੰਘ ਦੀ ਲਿਖੀ ਹੋਈ ਹੈ।
- ਇਸ ਇਕਾਂਗੀ ਦਾ ਵਿਸ਼ਾ ਵਸਤੂ ਅਣਜੋੜ ਵਿਆਹ ਦੀ ਸਮੱਸਿਆ ਨਾਲ ਜੁੜਿਆ ਹੋਇਆ ਹੈ।
- ਇਕਾਂਗੀ ਦਾ ਸਾਰਾ ਵਾਤਾਵਰਣ ਇਸ ਸਮੱਸਿਆ ਨੂੰ ਪੇਸ਼ ਕਰਨ ਵਿਚ ਸਫ਼ਲ ਹੋਇਆ ਹੈ।
- ਇਸ ਇਕਾਂਗੀ ਵਿਚ ਅੰਬੋ ਅਣਜੋੜ ਵਿਆਹ ਦੀ ਸ਼ਿਕਾਰ ਦਿਖਾਈ ਗਈ ਹੈ।ਉਸ ਦਾ ਪਤੀ ਕਰਮਾ ਇਕ ਸ਼ਰਾਬੀ ਪਤੀ ਹੈ ਤੇ ਉਸ ਨੂੰ ਬਿਨਾਂ ਦੱਸਿਆਂ ਚੌਦਾਂ ਸਾਲ ਘਰ ਤੋਂ ਬਾਹਰ ਰਹਿੰਦਾ ਹੈ।

-ਅੰਬੋ ਆਪਣੀ ਮਰਜ਼ੀ ਤੋਂ ਬਿਨਾਂ ਕਬਾਬੀ-ਸ਼ਰਾਬੀ ਕਰਮੇ ਨਾਲ ਵਿਆਹ ਦਿੱਤੀ ਜਾਂਦੀ ਹੈ।

-ਇਕਾਂਗੀ ਦੇ ਆਰੰਭਿਕ ਦ੍ਰਿਸ਼ ਵਿਚ ਅਸੀਂ ਦੇਖਦੇ ਹਾਂ ਕਿ ਅੰਬੋ ਇਕ ਤੰਗ ਗਲੀ ਵਿਚ ਬੈਠੀ ਸੁਰਮਾ ਪਾ ਰਹੀ ਹੈ।ਉਸ ਦੇ ਸਾਰੇ ਕੱਪੜੇ ਨਵੇਂ ਹਨ।ਉਹ ਬਹੁਤ ਖੁਸ਼ ਦਿਖਾਈ ਦਿੰਦੀ ਹੈ।ਬਾਹਰੋਂ ਬੂਹਾ ਖੜਕਦਾ ਹੈ। ਬੂਹਾ ਖਵਕਾਉਣ ਵਾਲਾ ਸ਼ੇਰੂ ਹੈ ਜਿਹੜਾ ਅੰਬੋ ਨੂੰ ਪਿਆਰ ਕਰਦਾ ਹੈ।ਉਹ ਦੱਸਦਾ ਹੈ ਕਿ ਅੱਜ ਪਹਿਲੀ ਵਾਰੀ ਉਸ ਨੇ ਅੰਬੋ ਨੂੰ ਖੁਸ਼ ਦੇਖਿਆ ਹੈ।

-ਅੰਬੋ ਵੀ ਆਖਦੀ ਹੈ ਕਿ ਅੱਜ ਉਸ ਦਾ ਚੌਦਾਂ ਵਰ੍ਹਿਆਂ ਦਾ ਦੁੱਖ ਖੁਸ਼ੀ ਵਿਚ ਬਦਲ ਗਿਆ ਹੈ।

-ਅੰਬੋ ਸ਼ੇਰੂ ਨੂੰ ਆਖਦੀ ਹੈ ਕਿ ਕੁੜੀਆਂ ਦੇ ੰਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਹਨ,ਉਹਨਾਂ ਦੇ ਮਾਪੇ ਉਹਨਾਂ ਨੂੰ ਜਿਸ ਮਰਜ਼ੀ ਨਾਲ ਤੋਰ ਦੇਣ।ਅਮਬੋ ਨੂੰ ਆਪਣਾ ਵਿਆਹ ਯਾਦ ਆ ਜਾਂਦਾ ਹੈ।

-ਸ਼ੇਰੂ ਅੰਬੋ ਨੂੰ ਪਿਛਲਾ ਸਾਰਾ ਦੁੱਖ ਭੁੱਲਣ ਲਈ ਕਹਿੰਦਾ ਹੈ।

-ਸ਼ੇਰ ਤੇ ਅਮਬ ਇਕ ਦੂਜੇ ਨੂੰ ਪਿਆਰ ਕਰਦੇ ਹਨ।ਇਸੇ ਲਈ ਸ਼ੇਰੂ ਅੰਬੋ ਨੂੰ ਪ੍ਰਾਪਤ ਕਰਨ ਲਈ ਸੱਭ ਬੁਰੇ ਕੰਮ ਛੱਡ ਦਿੰਦਾ ਹੈ ਅਤੇ ਪੰਚਾਇਤ ਨੂੰ ਅੰਬੋ ਉਤੇ ਚਾਦਰ ਪਾਉਣ ਲਈ ਮਨਾ ਲੈਂਦਾ ਹੈ।

-ਪਰ ਜਿਸ ਦਿਨ ਅੰਬੋ ਤੇ ਸ਼ੇਰੂ ਦਾ ਵਿਆਹ ਹੋਣ ਲੱਗਦਾ ਹੈ ਉਸੇ ਦਿਨ ਪਤਾ ਨਹੀਂ ਕਿੱਥੋਂ ਬਿਮਾਰੀ ਦਾ ਖਾਧਾ ਖੰਘਦਾ ਹੋਇਆ ਕਰਮਾ ਘਰ ਮੁੜ ਆਉਂਦਾ ਹੈ। ਅੰਬੋ ਕਰਮੇ ਨੂੰ ਦੇਖ ਕੇ ਘਰ ਦੇ ਅੰਦਰ ਵਲ ਨੂੰ ਤੁਰ ਪੈਂਦੀ ਹੈ।ਉਹ ਅਮਦਰ ਜਾ ਕੇ ਬੇਹੋਸ਼ ਹੋ ਡਿੱਗ ਪੈਂਦੀ ਹੈ।

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਇਸ ਇਕਾਂਗੀ ਦਾ ਵਿਸ਼ਾ ਅੰਬੋ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ। ਇਸੇ ਲਈ ਇਸ ਇਕਾਂਗੀ ਦਾ ਵਿਸ਼ਾ ਅਣਜੋੜ ਵਿਆਹ ਦੀ ਸਮੱਸਿਆ ਨਾਲ ਜੁੜਿਆ ਹੋਇਆ ਹੈ।

# ਧੰਨਵਾਦ